(i) Printed Pages : 3 Roll No. ................................

(ii) Questions : 6

Sub. Code : | 0 | 4 | 0 | 2 |

Exam. Code : | 0 | 0 | 0 | 5 |

**B.A. (General) 5th Semester**

**1128**

**PUNJABI (Compulsory)**

**Papar : For B.A. Candidates only**

**Time Allowed : Three Hours] [Maximum Marks : 45**

**ਨੋਟ :–** ਲਘੂ ਪ੍ਰਸ਼ਨਾਂ ਦੇ ਉੱਤਰ ਇੱਕ ਹੀ ਪੰਨੇ ਤੇ ਲਿਖੇ ਜਾਣ।

1. ਹੇਠ ਲਿਖੀਆਂ ਕਾਵਿ-ਪੰਕਤੀਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸਕੇ ਵਿਆਖਿਆ ਕਰੋ :

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ
ਜਿਨ ਮਨਿ ਹੋਰ ਮੁਖਿ ਹੋਰ ਸਿ ਕਾਢੇ ਕਚਿਆ
ਰੱਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ
ਵਿਸਰਿਆ ਜਿਨ ਨਾਮ ਤੇ ਭੁਇ ਭਾਰ ਥੀਏ।

**ਜਾਂ**

ਰੂਹ ਛੱਡ ਕਲਬੂਤ ਜਿਉ ਵਿਦਾ ਹੋਂਦਾ
ਤਿਵੇ ਏਹ ਦਰਵੇਸ ਸਿਧਾਰਿਆ ਈ॥
ਅੰਨ ਪਾਣੀ ਹਜ਼ਾਰੇ ਦਾ ਕਸਮ ਕਰਕੇ
ਕਸਦ ਝੰਗ ਸਿਆਲ ਦਾ ਧਾਰਿਆ ਈ॥ 5

2. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਕੇਂਦਰੀ ਭਾਵ ਦੱਸਕੇ ਸਾਰ ਲਿਖੋ :

(1) ਘੜਿਆਲੀ ਦੇਹੋ ਨਿਕਾਲ

(2) ਵਿਸਮਾਦ ਨਾਦ ਵਿਸਮਾਦ ਵੇਦ। 5+5=10

3. ਹੇਠ ਲਿਖੇ ਲਘੂ ਪ੍ਰਸ਼ਨਾਂ ਵਿੱਚੋਂ ਕੇਵਲ **ਪੰਜ** ਦੇ ਉੱਤਰ ਕੇਵਲ **ਦੋ-ਤਿੰਨ** ਸਤਰਾਂ ਵਿੱਚ ਲਿਖੋ :

(1) ਬਿਰਹਨ ਜੀਵ-ਇਸਤਰੀ ਨੀਂਦ ਨੂੰ ਕਿਉਂ ਬੁਲਾ ਰਹੀ ਹੈ ?

(2) ਮਿਹਰਵਾਨ ਸਾਹਿਬ ਸ਼ਬਦ ਵਿੱਚ ਪਰਮਾਤਮਾ ਦੇ ਕੀ ਗੁਣ ਦੱਸੇ ਗਏ ਹਨ ?

(3) ਸਾਧ ਸੰਗਤ ਮਿਲਣ ਨਾਲ ਮਨੁੱਖ ਕੀ ਅਨੁਭਵ ਕਰਨ ਲਗਦਾ ਹੈ ?

(4) ਸਤਿਗੁਰੂ ਨਾਨਕ ਪ੍ਰਗਟਿਆ ਪਾਉੜੀ ਵਿੱਚ ਪ੍ਰਕਿਰਤਕ ਵੇਰਵੇ ਕਿਹੜੇ-ਕਿਹੜੇ ਹਨ ?

(5) ਚੰਡੀ ਦੀ ਵਾਰ ਵਿੱਚ ਰਣਭੂਮੀ ਦਾ ਨਜਾਰਾ ਕਿਹੋ ਜਿਹਾ ਹੈ ?

(6) ਹੀਰ ਦਮੋਦਰ ਵਿੱਚ ਕੁੜੀ ਨੇ ਮਾਂ ਨੂੰ ਕੀ ਕਿਹਾ ?

(7) ਨੀ ਤੈਨੂੰ ਰੱਬ ਨਾ ਭੁੱਲੀ ਕਾਫ਼ੀ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ ?

(8) ਬੁੱਲੇ ਸ਼ਾਹ ਕਿਸ ਇਸ਼ਕ ਦੀ ਗੱਲ ਕਰਦਾ ਹੈ ? 1×5=5

4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪਰ ਪੈਰ੍ਹਾ ਰਚਨਾ ਕਰੋ :

(1) ਵੋਟਰ, ਵੋਟਾਂ ਤੇ ਰਾਜਨੀਤੀ

(2) ਸਾਈਬਰ ਅਪਰਾਧ

(3) ਮਾਤ ਭਾਸ਼ਾ ਦਾ ਮਹੱਤਵ

(4) ਮਿੱਤਰਤਾ। 8

5. ਪੁਰਾਤਨ ਭਾਰਤੀ ਲਿਪੀਆਂ ਬਾਰੇ ਤੁਸੀਂ ਕੀ ਜਾਣਦੇ ਹੋ ? ਇਸਦੇ ਮੁੱਢ ਤੇ ਵਿਕਾਸ ਬਾਰੇ ਲਿਖੋ।

**ਜਾਂ**

ਲਿਪੀ ਤੋਂ ਕੀ ਭਾਵ ਹੈ ਪੰਜਾਬੀ ਲਈ ਢੁਕਵੀਂ ਲਿਪੀ ਬਾਰੇ ਲਿਖੋ। 7

6. (ੳ) ਵਾਕੰਸ਼ ਤੋਂ ਕੀ ਭਾਵ ਹੈ ? ਨਾਂਵ ਵਾਕੰਸ਼ ਦੀ ਪਰਿਭਾਸ਼ਾ ਦੱਸਕੇ ਪਛਾਣ ਵਿਧੀਆਂ ਬਾਰੇ ਲਿਖੋ।

**ਜਾਂ**

ਕ੍ਰਿਆ ਵਾਕੰਸ਼ ਕੀ ਹੁੰਦਾ ਹੈ ? ਇਸਦੀਆਂ ਕਿਸਮਾਂ ਬਾਰੇ ਲਿਖੋ। 6

(ਅ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ :

(1) ਲੱਕੜੀ ਨੂੰ ਘੁਣ ਨੇ ਖਾ ਲਿਆ।

(ਨਾਂਵ ਵਾਕੰਸ਼ ਤੇ ਸਬੰਧਕ ਚੁਣੋ)

(2) ਭਾਰੀ ਮੀਂਹ ਜਾਂ ਤੇਜ ਹਨੇਰੀ ਆਵੇਗੀ। (ਕ੍ਰਿਆ ਵਾਕੰਸ਼ ਚੁਣੋ)

(3) ਫੌਜ ਵਿੱਚ ਬਹੁਤੇ ਜਵਾਨ ਨਸ਼ੇ ਦੀ ਵਰਤੋਂ ਨਹੀਂ ਕਰਦੇ।

(ਕਰਤਾ, ਕਰਮ, ਕ੍ਰਿਆ ਚੁਣੋ)

(4) ਰਾਹ ਜਾਂਦੇ ਮੁੰਡੇ ਸ਼ਰਾਰਤਾਂ ਕਰਦੇ ਹਨ।

(ਨਾਂਵ ਵਾਕੰਸ਼ ਤੇ ਵਿਸ਼ੇਸ਼ਣ ਚੁਣੋ)

2+2=4